# ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ,
ਪੰਜਾਬ ਰਾਜ।

ਨੰ: ਪਸਸਬ-ਸਸ (ਕਸ)-2026/ 2678 ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ 02-02-2026

ਵਿਸ਼ਾ:- ਅੱਠਵੀਂ ਸ਼੍ਰੇਣੀ (ਫਰਵਰੀ 2026) ਦੀ ਸਲਾਨਾ ਪ੍ਰੀਖਿਆ ਨਾਲ ਸਬੰਧਤ ਪ੍ਰਸ਼ਨ ਪੱਤਰਾਂ ਦੇ ਸੀਲ ਬੰਦ ਬਾਕਸ ਪ੍ਰਾਪਤ ਕਰਨ ਸਬੰਧੀ।

ਸ਼੍ਰੀਮਾਨ ਜੀ,

1. ਅੱਠਵੀਂ ਸ਼੍ਰੇਣੀ (ਫਰਵਰੀ 2026) ਦੀ ਸਲਾਨਾ ਪ੍ਰੀਖਿਆ ਮਿਤੀ: 17-02-2026 ਤੋਂ 27-02-2026 ਤੱਕ ਕਰਵਾਈ ਜਾ ਰਹੀ ਹੈ।
2. ਅੱਠਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਫੀਲਡ ਵਿੱਚ ਬੋਰਡ ਵੱਲੋਂ ਟੀਮਾਂ ਰਾਹੀਂ ਹੇਠ ਲਿਖੀਆਂ ਮਿਤੀਆਂ ਅਨੁਸਾਰ ਭੇਜੇ ਜਾ ਰਹੇ ਹਨ :-

| | ਅੱਠਵੀਂ ਸ਼੍ਰੇਣੀ ਦੇ ਰੂਟ | ਅੱਠਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਭੇਜਣ ਦੀਆਂ ਮਿਤੀਆਂ |
|---|---|---|
| LOT-1 | ਅੰਮ੍ਰਿਤਸਰ, ਬਠਿੰਡਾ, ਫਾਜਿਲਕਾ, ਫਿਰੋਜ਼ਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਪਟਿਆਲਾ, ਸੰਗਰੂਰ, ਤਰਨ-ਤਾਰਨ | 09-02-2026 |
| LOT-2 | ਬਰਨਾਲਾ, ਫਰੀਦਕੋਟ, ਫਤਿਹਗੜ੍ਹ ਸਾਹਿਬ, ਕਪੂਰਥਲਾ, ਮਲੇਰਕੋਟਲਾ, ਮਾਨਸਾ, ਮੋਗਾ, ਸ਼੍ਰੀ ਮੁਕਤਸਰ ਸਾਹਿਬ, ਪਠਾਨਕੋਟ, ਰੋਪੜ, ਐਸ.ਬੀ.ਐਸ ਨਗਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ | 10-02-2026 |

| | |
|---|---|
| ਜਿਲ੍ਹਾ ਮੈਨੇਜਰ ਖੇਤਰੀ ਦਫ਼ਤਰਾਂ ਵੱਲੋਂ ਪ੍ਰਸ਼ਨ ਪੱਤਰ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰਜ਼ ਨੂੰ ਪ੍ਰਾਪਤ ਕਰਵਾਉਣ ਦੀਆਂ ਮਿਤੀਆਂ | 10-02-2026 ਤੋਂ 13-02-2026 ਤੱਕ |

3. ਜਿਲ੍ਹਾ ਮੈਨੇਜਰ ਖੇਤਰੀ ਦਫ਼ਤਰ ਵੱਲੋਂ ਆਪਣੀ ਨਿਗਰਾਨੀ ਹੇਠ ਇਹ ਪ੍ਰਸ਼ਨ ਪੱਤਰ ਉਕਤ ਮਿਤੀਆਂ ਨੂੰ ਸਬੰਧਤ ਪ੍ਰਿੰਸੀਪਲ ਨੂੰ ਸੌਂਪਣਗੇ।
4. ਇਹਨਾਂ ਪ੍ਰਸ਼ਨ ਪੱਤਰਾਂ ਨੂੰ ਪ੍ਰਾਪਤ ਕਰਨ ਵਾਲਾ ਅਧਿਕਾਰੀ ਸਕੂਲ ਦੇ ਲੈਟਰ ਪੈਡ ਉਪਰ ਕੀਤੇ ਗਏ ਤਸਦੀਕ ਸ਼ੁਦਾ ਹਸਤਾਖਰ ਅਤੇ ਸ਼ਨਾਖਤੀ ਕਾਰਡ ਪੇਸ਼ ਕਰੇਗਾ।
5. ਪ੍ਰਸ਼ਨ ਪੱਤਰ ਪ੍ਰਾਪਤ ਕਰਨ ਸਮੇਂ ਦਫ਼ਤਰ ਵੱਲੋਂ ਭੇਜੇ ਗਏ ਪ੍ਰਸ਼ਨ ਪੱਤਰਾਂ ਦਾ ਚਲਾਨ ਨਾਲ ਚੰਗੀ ਤਰ੍ਹਾਂ ਮਿਲਾਨ ਕਰ ਲਿਆ ਜਾਵੇ। ਜੇਕਰ ਕਿਸੇ ਵਿਸ਼ੇ ਦੇ ਪ੍ਰਸ਼ਨ ਪੱਤਰ ਘੱਟ ਹਨ ਜਾਂ ਪ੍ਰਾਪਤ ਨਹੀਂ ਹੋਏ ਤਾਂ ਇਸ ਸਬੰਧੀ ਡੇਟਸ਼ੀਟ ਵਿੱਚ ਦਰਜ਼ ਸਬੰਧਤ ਜਿਲ੍ਹੇ ਦੇ ਫੋਨ ਨੰਬਰਾਂ ਤੇ ਤੁਰੰਤ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ।
6. ਪ੍ਰਸ਼ਨ ਪੱਤਰ ਸ਼ੇਫ ਥਾਂ ਤੇ ਰੱਖਕੇ ਤਾਲੇ ਲਗਾਉਣ ਉਪਰੰਤ ਸੀਲ ਲਗਾਈ ਜਾਵੇ ਅਤੇ ਪੂਰੀ ਸਕਿਉਰਟੀ ਦਾ ਪ੍ਰਬੰਧ ਕੀਤਾ ਜਾਵੇ।
7. ਪ੍ਰਸ਼ਨ ਪੱਤਰ ਸ਼ੇਫ ਥਾਂ ਤੇ ਰੱਖਕੇ ਦੋ ਤਾਲੇ ਲਗਾਏ ਜਾਣ, ਜਿਸ ਦੀ ਇੱਕ ਚਾਬੀ ਕੇਂਦਰ ਕੰਟਰੋਲਰ ਅਤੇ ਦੂਜੇ ਤਾਲੇ ਦੀ ਚਾਬੀ ਕੇਂਦਰ ਸੁਪਰਡੰਟ ਕੋਲ ਰੱਖੀ ਜਾਵੇ।
8. ਸੀਲਬੰਦ ਪ੍ਰਸ਼ਨ ਪੱਤਰਾਂ ਦੇ ਪੈਕਟਾਂ ਨਾਲ ਪਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਜੇਕਰ ਕੋਈ ਛੇੜਛਾੜ ਹੁੰਦੀ ਹੈ ਤਾਂ ਸਬੰਧਤ ਕੇਂਦਰ ਕੰਟਰੋਲਰ/ਕੇਂਦਰ ਸੁਪਰਡੰਟ ਸਿੱਧੇ ਤੌਰ ਤੇ ਜਿੰਮੇਵਾਰ ਹੋਣਗੇ।

ਪਰਤੋਂ ਜੀ.........

9. ਇਸ ਕਾਰਜ ਲਈ ਆਪ ਜੀ ਦੇ ਸਹਿਯੋਗ ਦੀ ਸਖ਼ਤ ਜਰੂਰਤ ਹੈ। ਉਕਤ ਕੰਮਾਂ ਵਿੱਚ ਅਣਗਹਿਲੀ ਨਾ ਵਰਤੀ ਜਾਵੇ। ਕਿਸੇ ਵੀ ਤਰ੍ਹਾਂ ਦੀ ਹੋਰ ਜਾਣਕਾਰੀ ਲਈ ਹੇਠ ਲਿਖੇ ਟੈਲੀਫੋਨ ਨੰਬਰ:- 0172-5227333,334,303,338,339,340 ਤੇ ਸਪੰਰਕ ਕੀਤਾ ਜਾਵੇ।

ਸਹਾਇਕ ਸਕੱਤਰ (ਕੰਡਕਟ)
ਪੰਜਾਬ ਸਕੂਲ ਸਿੱਖਿਆ ਬੋਰਡ।

**ਪੰਜਾਬ ਸਕੂਲ ਸਿੱਖਿਆ ਬੋਰਡ**

ਵੱਲ

ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ,
ਪੰਜਾਬ ਰਾਜ।

ਨੰ: ਪਸਸਬ-ਸਸ (ਕਸ)-2026/ 2675 ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ 02-02-2026

ਵਿਸ਼ਾ:- **ਦਸਵੀਂ ਅਤੇ ਬਾਰਵ੍ਹੀਂ ਸ਼੍ਰੇਣੀ (ਫਰਵਰੀ/ਮਾਰਚ 2026) ਦੀ ਸਲਾਨਾ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਬੈਂਕਾਂ ਦੀ ਸੇਫ ਕਸਟੱਡੀ ਵਿੱਚ ਰੱਖਣ ਅਤੇ ਪ੍ਰੀਖਿਆ ਵਾਲੇ ਦਿਨ ਬੈਂਕ ਤੋਂ ਪ੍ਰਾਪਤ ਕਰਨ ਸਬੰਧੀ।**

ਸ੍ਰੀਮਾਨ ਜੀ,

1. ਦਸਵੀਂ ਅਤੇ ਬਾਰਵ੍ਹੀਂ ਸ਼੍ਰੇਣੀ (ਫਰਵਰੀ/ਮਾਰਚ 2026) ਦੀ ਸਲਾਨਾ ਪ੍ਰੀਖਿਆ ਮਿਤੀ: 17-02-2026 ਤੋਂ 04-04-2026 ਤੱਕ ਨੱਥੀ ਡੇਟਸ਼ੀਟ ਅਨੁਸਾਰ ਕਰਵਾਈ ਜਾ ਰਹੀ ਹੈ।
2. ਜਿਲ੍ਹਾ ਮੈਨੇਜਰ ਖੇਤਰੀ ਦਫ਼ਤਰ ਦੀ ਟੀਮ ਆਪਣੀ ਨਿਗਰਾਨੀ ਹੇਠ ਬਾਰਵ੍ਹੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਮਿਤੀ 10-02-2026 ਤੋਂ 13-02-2026 ਤੱਕ ਪ੍ਰਿੰਸੀਪਲ-ਕਮ ਕੇਂਦਰ ਕੰਟਰੋਲਰ ਨੂੰ ਪ੍ਰਾਪਤ ਕਰਵਾਕੇ ਆਪਣੀ ਹਾਜ਼ਰੀ ਵਿੱਚ ਚਲਾਨ ਨਾਲ ਮਿਲਾਨ ਕਰਵਾ ਕੇ ਬੈਂਕ ਵਿੱਚ ਰਖਵਾਉਣਗੇ।
3. ਇਸੇ ਤਰ੍ਹਾਂ ਜਿਲ੍ਹਾ ਮੈਨੇਜਰ ਖੇਤਰੀ ਦਫ਼ਤਰ ਦੀ ਟੀਮ ਆਪਣੀ ਨਿਗਰਾਨੀ ਹੇਠ ਦਸਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਮਿਤੀ 02-03-2026 ਤੋਂ 05-03-2026 ਤੱਕ ਪ੍ਰਿੰਸੀਪਲ-ਕਮ ਕੇਂਦਰ ਕੰਟਰੋਲਰ ਨੂੰ ਪ੍ਰਾਪਤ ਕਰਵਾਕੇ ਆਪਣੀ ਹਾਜ਼ਰੀ ਵਿੱਚ ਚਲਾਨ ਨਾਲ ਮਿਲਾਨ ਕਰਵਾ ਕੇ ਬੈਂਕ ਵਿੱਚ ਰਖਵਾਉਣਗੇ। ਕੇਵਲ ਕੇਂਦਰ ਕੰਟਰੋਲਰ ਕਮ ਪ੍ਰਿੰਸੀਪਲ ਹੀ ਬੈਂਕ ਵਿੱਚੋਂ ਪ੍ਰਸ਼ਨ ਪੱਤਰ ਪ੍ਰਾਪਤ ਕਰਨਗੇ।
4. ਪਰਸਨ ਪੱਤਰ ਪ੍ਰਾਪਤ ਕਰਨ ਉਪਰੰਤ ਜੇਕਰ ਕਿਸੇ ਵਿਸ਼ੇ ਦੇ ਪ੍ਰਸ਼ਨ ਪੱਤਰ ਘੱਟ ਹਨ ਜਾਂ ਪ੍ਰਾਪਤ ਨਹੀਂ ਹੋਏ ਤਾਂ ਇਸ ਬਾਰੇ ਪ੍ਰਸ਼ਨ ਪੱਤਰ ਪ੍ਰਾਪਤ ਕਰਨ/ ਬੈਂਕ ਵਿੱਚ ਰਖਵਾਉਣ ਸਮੇਂ ਹੀ ਡੇਟਸ਼ੀਟ ਵਿੱਚ ਦਰਜ਼ ਜਿਲ੍ਹੇ ਨਾਲ ਸਬੰਧਤ ਸੁਪਰਡੰਟ ਦੇ ਮੋਬਾਇਲ ਨੰਬਰ / ਇੰਟਰਕੋਮ ਨੰਬਰਾਂ ਅਤੇ ਮੇਲ ਆਈ.ਡੀ ਤੇ ਮੁੱਖ ਦਫ਼ਤਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ।
5. ਪ੍ਰਸ਼ਨ ਪੱਤਰ ਪ੍ਰਾਪਤ ਕਰਨ ਵਾਲਾ ਅਧਿਕਾਰੀ (ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ) ਸਕੂਲ ਦੇ ਲੈਟਰ ਪੈਡ ਉਪਰ ਕੀਤੇ ਹਸਤਾਖਰ ਅਤੇ ਸ਼ਨਾਖਤੀ ਕਾਰਡ ਬੈਂਕ ਵਿੱਚ ਪੇਸ਼ ਕਰੇਗਾ ਅਤੇ ਇਸ ਦੀ ਕਾਪੀ ਬੈਂਕ ਵਿੱਚ ਅਤੇ ਜਿਲ੍ਹੇ ਨਾਲ ਸਬੰਧਤ ਸਹਾਇਕ ਦੇ ਮੁਬਾਇਲ/ਵਟਸਅੱਪ (Whatsapp) ਗਰੁੱਪ ਤੇ ਭੇਜੇਗਾ।
6. ਦਸਵੀਂ ਅਤੇ ਬਾਰਵ੍ਹੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਸਵੇਰੇ 09:30 ਵਜੇ (ਪ੍ਰੀਖਿਆ ਵਾਲੇ ਦਿਨ) ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰਜ਼ ਵੱਲੋਂ ਹੀ ਬੈਂਕ ਤੋਂ ਪ੍ਰਾਪਤ ਕੀਤੇ ਜਾਣ। ਨਾ ਟਾਲਣਯੋਗ ਹਲਾਤਾਂ ਵਿੱਚ ਜੇਕਰ ਕੋਈ ਡਿਊਟੀ ਸੌਂਪੀ ਜਾਣੀ ਹੈ ਤਾਂ ਸੀਨੀਅਰ ਮੋਸਟ ਲੈਕਚਰਾਰ ਅਧਿਆਪਕ ਨੂੰ ਸੌਂਪੀ ਜਾਵੇ। ਇਸ ਲਈ ਪ੍ਰਤੀ ਬੇਨਤੀ deoportal2019@gmail.com ਤੇ ਦਫ਼ਤਰ ਪੰਜਾਬ ਸਕੂਲ ਸਿੱਖਿਆ ਬੋਰਡ ਤੇ ਭੇਜ ਕੇ ਪ੍ਰਵਾਨਗੀ ਲਈ ਜਾਵੇ। ਇਸ ਸਬੰਧੀ ਨੱਥੀ ਸੂਚੀ ਅਨੁਸਾਰ ਆਪਣੇ ਜਿਲ੍ਹੇ ਨਾਲ ਸਬੰਧਤ ਡੀਲਿੰਗ ਸੁਪਰਡੰਟ ਅਤੇ ਸਹਾਇਕ ਨਾਲ ਸਪੰਰਕ ਕੀਤਾ ਜਾਵੇ।
7. ਦਸਵੀਂ ਅਤੇ ਬਾਰਵ੍ਹੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ (ਮੇਨ ਅਤੇ ਡੀ.ਏ.) ਇੱਕ ਹੀ ਟਰੰਕ ਵਿੱਚ ਰੱਖੇ ਜਾਣ, ਟਰੰਕ ਦੇ ਇੱਕ ਤਾਲੇ ਦੀ ਚਾਬੀ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਪਾਸ ਅਤੇ ਦੂਜੇ ਤਾਲੇ ਦੀ ਚਾਬੀ ਬੈਂਕ ਮੈਨੇਜਰ ਕੋਲ ਹੀ ਰੱਖੀ ਜਾਵੇ।
8. ਡੇਟਸ਼ੀਟ ਅਨੁਸਾਰ ਪ੍ਰਸ਼ਨ ਪੱਤਰ ਉਸੇ ਵਿਸ਼ੇ ਦਾ ਪ੍ਰਾਪਤ ਕੀਤਾ ਜਾਵੇ, ਬੈਂਕ ਵਿੱਚੋਂ ਪ੍ਰਸ਼ਨ ਪੱਤਰਾਂ ਦਾ ਪੈਕਟ ਪ੍ਰਾਪਤ ਕਰਦੇ ਸਮੇਂ ਦਰਜ਼ ਵਿਸ਼ਾ/ਵਿਸ਼ਾ ਕੋਡ ਨੰਬਰ ਦਾ ਮਿਲਾਨ ਵੀ ਕੀਤਾ ਜਾਵੇ ਅਤੇ ਸੀਲਡ ਪ੍ਰਸ਼ਨ ਪੱਤਰ ਪੈਕਟ ਦੀ ਫੋਟੋ ਸਬੰਧਤ ਸੀਨੀਅਰ ਸਹਾਇਕ ਨਾਲ ਕੇਂਦਰ ਕੰਟਰੋਲਰਜ਼ ਦੇ ਬਣੇ ਵਟਸਅਪ (Whatsapp) ਗਰੁੱਪ ਵਿੱਚ ਭੇਜੀ ਜਾਵੇ। ਬੈਂਕ ਵਿੱਚ ਰੱਖੇ ਰਜਿਸਟਰ ਵਿੱਚ ਵਿਸ਼ੇ ਦਾ ਨਾਂ ਅਤੇ ਵਿਸ਼ਾ ਕੋਡ ਨੰਬਰ, ਸਮਾਂ/ ਮਿਤੀ ਵੀ ਦਰਜ਼ ਕੀਤਾ ਜਾਵੇ ਅਤੇ ਹਸਤਾਖਰ ਵੀ ਕੀਤੇ ਜਾਣ, ਬੈਂਕ ਤੋਂ ਰਸੀਦ ਵੀ ਲਈ ਜਾਵੇ।

ਪਰਤੋਂ ਜੀ...

9. ਕੇਂਦਰ ਕੰਟਰੋਲਰ ਪ੍ਰੀਖਿਆ ਕੇਂਦਰ ਵਿੱਚ ਦਸਵੀਂ /ਬਾਰਵ੍ਹੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਅੱਧਾ ਘੰਟਾ ਪਹਿਲਾਂ ਪਹੁੰਚਾਉਣਾ ਯਕੀਨੀ ਬਣਾਉਣਗੇ ਅਤੇ ਕੇਂਦਰ ਸੁਪਰਡੰਟ ਨੂੰ ਸੌਂਪਣ ਸਮੇਂ ਦੀ ਫੋਟੋ ਸਬੰਧਤ ਡੀਲਿੰਗ ਸਹਾਇਕ ਨਾਲ ਬਣਾਏ ਵਟਸਅਪ (Whatsapp) ਗਰੁੱਪ ਵਿੱਚ ਭੇਜੀ ਜਾਵੇ।
10. ਦਸਵੀਂ ਅਤੇ ਬਾਰਵ੍ਹੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰਾਂ ਦੇ ਪੈਕਟ ਬੈਂਕਾਂ ਦੀ ਸੇਫ ਕਸਟੱਡੀ ਵਿੱਚ PSEB-MATQ Mobile App okjha SCAN ਕਰਨ ਉਪਰੰਤ ਰੱਖੇ ਜਾਣੇ ਹਨ। ਇਸ ਲਈ ਐਪ ਵਿੱਚ ਜਾਰੀ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।
11. ਇਸ ਕਾਰਜ ਲਈ ਆਪ ਜੀ ਦੇ ਸਹਿਯੋਗ ਦੀ ਸਖ਼ਤ ਜਰੂਰਤ ਹੈ। ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਸਬੰਧਤ ਸੁਪਰਡੰਟਸ ਅਤੇ ਜਿਲ੍ਹਾ ਡੀਲਿੰਗ ਸਹਾਇਕਾਂ ਨਾਲ ਸਪੰਰਕ ਕੀਤਾ ਜਾਵੇ। ਜਿਲ੍ਹਾ ਡੀਲਿੰਗ ਸਹਾਇਕਾਂ ਦੀ ਲਿਸਟ ਨੱਥੀ ਹੈ।

ਨੱਥੀ: ਡੇਟਸ਼ੀਟ

2/2/26

ਸਹਾਇਕ ਸਕੱਤਰ (ਕੰਡਕਟ)
ਪੰਜਾਬ ਸਕੂਲ ਸਿੱਖਿਆ ਬੋਰਡ।

| | | |
|---|---|---|
| **ਸ਼ਿਵਦਰਸ਼ਨ ਕੌਰ 9463889199 Intercom 7303** | ਸ਼ਵਿੰਦਰ ਸਿੰਘ 8227422171 | ਜਲੰਧਰ (197), ਬਰਨਾਲਾ (55) ਅਤੇ ਫਤਿਹਗੜ੍ਹ ਸਾਹਿਬ (62) |
| | ਰੁਪਿੰਦਰ ਕੌਰ (ਕੰਟ. ਕਲਰਕ) 8437451000 | ਸ੍ਰੀ ਮੁਕਤਸਰ ਸਾਹਿਬ (89), ਪਟਿਆਲਾ (167) ਅਤੇ ਮਲੇਰਕੋਟਲਾ (44) |
| | ਮਲਕੀਤ ਸਿੰਘ 7307260003 | ਲੁਧਿਆਣਾ (323) |
| **ਸੁਪਰਡੰਟ-3 ਬਲਵੀਰ ਸਿੰਘ ਚੰਦਰ** 78887-06455 Intercom 7340 | ਬਲਜਿੰਦਰ ਸਿੰਘ 9815660016 | ਹੁਸ਼ਿਆਰਪੁਰ(149) , ਕਪੂਰਥਲਾ (72) ਅਤੇ ਮਾਨਸਾ (89) |
| | ਰਮਨਦੀਪ ਗਿੱਲ 9855500505 | ਮੁਹਾਲੀ (96), ਐਸ.ਬੀ.ਐਸ ਨਗਰ (65) ) ਸੰਗਰੂਰ (118) |
| | ਸੁਨੀਲ ਕੁਮਾਰ(ਜੂਨੀ. ਸਹਾਇਕ) | ਗੁਰਦਾਸਪੁਰ (187) ਅਤੇ ਬਠਿੰਡਾ (123 |

| **ਸੁਪਰਡੰਟ-4** | **ਸੀਨੀ ਸਹਾਇਕ/ ਡੀਲਿੰਗ ਕਲਰਕ ਕਰਮਚਾਰੀ** | **ਸੌਂਪੇ ਕੰਮ ਦਾ ਵੇਰਵਾ** |
|---|---|---|
| **ਸਰਬਜੀਤ ਕਪਿਲ** | ਭਾਵਨਾ 7837458844 | ਪਠਾਨਕੋਟ (72) ਅਤੇ ਅੰਮ੍ਰਿਤਸਰ (234) |
| 9814340101 **Intercom** 7339 | ਜਗਜੀਤ ਸਿੰਘ 9915865325 | ਤਰਨਤਾਰਨ (127) ਮੋਗਾ (98) ਫਰੀਦਕੋਟ (55) |
| | ਚਰਨਜੀਤ ਸਿੰਘ 9781800873 | ਫਿਰੋਜਪੁਰ (104) , ਫਾਜਿਲਕਾ (122) , ਰੋਪੜ (66) |